ੴ

# ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ,


**ਨੇੜੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਸ 3ਬੀ-1, ਐਸ.ਏ.ਐਸ ਨਗਰ।**

**ਈ-ਮੇਲ recruitment@punjabeducation.gov.in Ph No. 0172-3115738**


---

ਮੀਮੋ ਨੰ.ਈ-541371/2024।55297 ਮਿਤੀ, ਐਸ.ਏ.ਐਸ. ਨਗਰ:02-07-2024

## ਪਬਲਿਕ ਨੋਟਿਸ

ਸਕੂਲ ਸਿੱਖਿਆ ਵਿਭਾਗ ਅਧੀਨ 5994 ਈ.ਟੀ.ਟੀ.ਕਾਡਰ ਦਾ ਵਿਗਿਆਪਨ ਮਿਤੀ 12-10-2022 ਨੂੰ ਦਿੱਤਾ ਗਿਆ ਸੀ। ਜਿਸਦੀ ਅਪਲਾਈ ਕਰਨ ਦੀ ਆਖਰੀ ਮਿਤੀ 10-11-2022 ਸੀ। ਇਹਨਾਂ ਅਸਾਮੀਆਂ ਵਿੱਚ ਲਿਖਤੀ ਟੈਸਟ ਮਿਤੀ 05-03-2023 ਨੂੰ ਲਿਆ ਗਿਆ ਸੀ। ਸਿਵਲ ਰਿੱਟ ਪਟੀਸ਼ਨ ਨੰ. 6819 ਆਫ 2023 ਪਰਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਅਤੇ ਹੋਰ ਦੇ ਕੇਸ ਵਿੱਚ ਮਾਨਯੋਗ ਹਾਈਕੋਰਟ ਦੇ ਹੁਕਮ ਮਿਤੀ 30-04-2024 ਅਨੁਸਾਰ 5994 ਈ.ਟੀ.ਟੀ. ਭਰਤੀ ਦਾ ਪੇਪਰ-ਏ ਦੁਬਾਰਾ ਲਿਆ ਜਾਣਾ ਹੈ। ਇਸ ਮੰਤਵ ਲਈ 5994 ਈ.ਟੀ.ਟੀ. ਪੇਪਰ-ਏ (ਪੰਜਾਬੀ ਭਾਸ਼ਾ) ਦਾ ਸਿਲੇਬਸ ਵਿਭਾਗ ਦੀ ਵੈੱਬਸਾਈਟ www.educationrecruitmentboard.com ਤੇ ਮਿਤੀ 18-05-2024 ਨੂੰ ਅੱਪਲੋਡ ਕਰ ਦਿੱਤਾ ਗਿਆ ਹੈ। ਇਹਨਾਂ ਅਸਾਮੀਆਂ ਲਈ ਲਿਖਤੀ ਪੇਪਰ ਮਿਤੀ 28-07-2024 ਨੂੰ ਲਿਆ ਜਾਵੇਗਾ। ਪਬਲਿਕ ਨੋਟਿਸ ਨੰ. ਈ-369149/ਸਪੈਸ਼ਲ 2024 ਮਿਤੀ 12-06-2024 ਰਾਹੀਂ ਉਮੀਦਵਾਰਾ ਨੂੰ ਮਿਤੀ 21-06-2024 ਤੱਕ ਫੀਸ ਜਮ੍ਹਾਂ ਕਰਵਾਉਣ ਦਾ ਮੌਕਾ ਦਿੱਤਾ ਗਿਆ ਸੀ। ਇਸ ਉਪਰੰਤ ਪਬਲਿਕ ਨੋਟਿਸ ਨੰ. 541371/2024/46367 ਮਿਤੀ 21-06-2024 ਰਾਹੀਂ ਫੀਸ ਜਮ੍ਹਾ ਕਰਵਾਉਣ ਲਈ ਮਿਤੀ 24-06-2024 ਤੱਕ ਦਾ ਵਾਧਾ ਕੀਤਾ ਗਿਆ ਸੀ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ ਨੰ. 14639 ਆਫ 2024 ਈਰਾ ਅਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 24-06-2024 ਨੂੰ ਸਿਵਲ ਰਿੱਟ ਪਟੀਸ਼ਨ ਨੰ. 14683 ਆਫ 2024 ਬਲਵਿੰਦਰ ਸਿੰਘ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 26-06-2024, ਨੂੰ ਸਿਵਲ ਰਿੱਟ ਪਟੀਸ਼ਨ ਨੰ. 14684 ਆਫ 2024 ਕਮਲੇਸ਼ ਰਾਣੀ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 01-07-2024 ਨੂੰ ਅਤੇ ਸਿਵਲ ਰਿੱਟ ਪਟੀਸ਼ਨ ਨੰ. 14724 ਆਫ 2024 ਅਭਿਲਾਸ਼ਾ ਬਨਾਮ ਪੰਜਾਬ ਸਰਕਾਰ ਦੇ ਕੇਸ ਵਿੱਚ ਮਿਤੀ 01-07-2024 ਨੂੰ ਕੀਤੇ ਗਏ ਅੰਤਰਿਮ ਹੁਕਮਾਂ ਅਨੁਸਾਰ ਸਬੰਧਤ ਉਮੀਦਵਾਰਾਂ ਨੂੰ ਮਿਤੀ 03-07-2024 ਤੱਕ ਫੀਸ ਜਮ੍ਹਾ ਕਰਵਾਉਣ ਦਾ ਮੌਕਾ ਦਿੱਤਾ ਜਾਂਦਾ ਹੈ।

ਫੀਸ ਸਬੰਧੀ ਬਾਕੀ ਸ਼ਰਤਾ ਵਿਗਿਆਪਨ ਮਿਤੀ 12-10-2022 ਵਾਲੀਆ ਹੀ ਰਹਿਣਗੀਆ।

ਨੋਟ:-

(ਸ) ਫੀਸ ਭਰਨ ਲਈ ਉਮੀਦਵਾਰ ਵੱਲੋਂ ਆਪਣੇ ਰਜਿਸ਼ਟ੍ਰੇਸ਼ਨ ਨੰਬਰ ਅਤੇ ਪਾਸਵਰਡ ਦੀ ਮਦੱਦ ਨਾਲ ਆਪਣੇ ਅਕਾਊਂਟ ਵਿੱਚ ਲੋਗਇਨ ਕੀਤਾ ਜਾਵੇਗਾ। ਉਮੀਦਵਾਰ ਵੱਲੋਂ ਐਪਲੀਕੇਸ਼ਨ ਫੀਸ ਨਾਮ ਦੇ ਲਿੰਕ ਉੱਤੇ ਕਲਿੱਕ ਕਰਕੇ ਫੀਸ ਆਨਲਾਈਨ ਭਰੀ ਜਾ ਸਕਦੀ ਹੈ।

(ਹ) ਫੀਸ ਦੀ Confirmation ਹੋਣ ਉਪਰੰਤ ਉਸ ਦਾ ਪ੍ਰਿੰਟਆਉਟ ਜਰੂਰ ਲਿਆ ਜਾਵੇ ਅਤੇ ਇਸ ਨੂੰ ਸੰਭਾਲ ਕੇ ਰੱਖਿਆ ਜਾਵੇ।

02/07/2024

ਸਹਾਇਕ ਡਾਇਰੈਕਟਰ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ